**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ**
**ਐਸ.ਸੀ.ਓ. ਨੰ 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ ਫੋਨ ਨੰ 0172-5015864, 5015865, ਫੈਕਸ: 0172-2624687**

ਵੱਲ

1. ਸਮੂਹ ਸਕੂਲ ਮੁਖੀ (ਵੈਬ ਸਾਈਟ ਰਾਹੀਂ)
   ਸੀਨੀਅਰ ਸੈਕੰਡਰੀ, ਹਾਈ, ਮਿਡਲ ਸਕੂਲ ਅਤੇ ਪ੍ਰਾਇਮਰੀ ਸਕੂਲ ਪੰਜਾਬ।

2. ਸਮੂਹ ਸਕੂਲ ਅਧਿਆਪਕ (ਵੈਬ ਸਾਈਟ ਰਾਹੀਂ)

ਮੀਮੋ ਨੰ.: ਏ.ਐੱਸ.ਪੀ.ਡੀ/ਕੋਆਰਡੀਨੇਸ਼ਨ/2013/007227
ਮਿਤੀ ਚੰਡੀਗੜ੍ਹ: 11.05.13

**ਵਿਸ਼ਾ: ਸਰਕਾਰੀ ਸਕੂਲਾਂ ਵਿਚ ਗਾਈਡਾਂ/ ਹੈਲਪ ਬੁਕਸ ਆਦਿ ਦੀ ਵਰਤੋਂ ਰੋਕਣ ਸਬੰਧੀ।**

**ਹਵਾਲਾ: ਇਸ ਦਫ਼ਤਰ ਦੇ ਪੱਤਰ ਨੰਬਰ ਸਸਅ/ਮੈਥ ਸੈੱਲ/09/51672-5111, ਮਿਤੀ ਚੰਡੀਗੜ੍ਹ 9 ਜੁਲਾਈ 2009**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਨੂੰ ਪਤਾ ਹੈ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਉੱਚ ਯੋਗਤਾ ਪ੍ਰਾਪਤ, ਸਮਰਪਿਤ ਅਤੇ ਤਜਰਬੇਕਾਰ ਅਧਿਆਪਕ ਹਨ ਜੋ ਕਿ ਵਿਦਿਆਰਥੀਆਂ ਨੂੰ ਵੱਖ-ਵੱਖ ਵਿਸ਼ਿਆਂ ਦੀ ਪੜ੍ਹਾਈ ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਉਪਲਬਧ ਕਿਤਾਬਾਂ ਤੋਂ ਹਰ ਤਰ੍ਹਾਂ ਦੇ ਅਭਿਆਸ ਤਹਿਤ ਕਰਵਾਉਂਦੇ ਹਨ।

3.0 ਦਫ਼ਤਰ ਦੇ ਧਿਆਨ ਵਿਚ ਆਇਆ ਹੈ ਕਿ ਕਈ ਵਾਰ ਵਿਦਿਆਰਥੀ ਸਕੂਲ ਵਿਚ ਕਿਤਾਬਾਂ ਲਿਆਉਣ ਦੀ ਥਾਂ ਗਾਇਡਾਂ, ਕੁੰਜੀਆਂ ਜਾਂ ਹੈਲਪ ਬੁੱਕਸ ਲੈ ਕੇ ਆ ਜਾਂਦੇ ਹਨ ਅਤੇ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਇਸ ਸਬੰਧੀ ਵਰਜਿਆ ਨਹੀਂ ਜਾਂਦਾ। ਇਹ ਗਾਈਡਾਂ ਅਤੇ ਕੁੰਜੀਆਂ ਬੱਚਿਆਂ ਦੇ ਸਿੱਖਣ ਸਿਖਾਉਣ ਦੇ ਕਾਰਜ ਵਿੱਚ ਵੱਡੀ ਰੁਕਾਵਟ ਬਣਦੀਆਂ ਹਨ। ਇਹਨਾਂ ਗਾਈਡਾਂ, ਕੁੰਜੀਆਂ ਅਤੇ ਹੈਲਪ ਬੁੱਕਸ ਆਦਿ ਦੀ ਵਰਤੋਂ ਕਾਰਨ ਵਿਦਿਆਰਥੀਆਂ ਵਿਚ ਮੌਲਿਕ ਰਚਨਾਤਮਕਤਾ ਦੀ ਘਾਟ ਪੈਦਾ ਹੁੰਦੀ ਹੈ ਅਤੇ ਇਹ ਰੁਚੀ ਵਿਦਿਆਰਥੀਆਂ ਵਿਚਲੀ ਉਤਸੁਕਤਾ ਅਤੇ ਜਗਿਆਸਾ ਦੇ ਦਾਇਰੇ ਨੂੰ ਬਹੁਤ ਹੀ ਸੀਮਿਤ ਕਰ ਦਿੰਦੀ ਹੈ ਜੋ ਕਿ ਸਿੱਖਿਆ ਗ੍ਰਹਿਣ ਕਰਨ ਦੇ ਉਦੇਸ਼ ਤੋਂ ਬਿਲਕੁਲ ਹੀ ਵਿਪਰੀਤ ਵਰਤਾਰਾ ਹੈ।

4.0 ਉਪਰੋਕਤ ਅਨੁਸਾਰ ਵਿਦਿਆਰਥੀਆਂ ਦੁਆਰਾ ਸਿੱਖਿਆ ਪ੍ਰਾਪਤੀ ਦੇ ਅਸਲ ਉਦੇਸ਼ਾਂ ਨੂੰ ਧਿਆਨ ਵਿਚ ਰੱਖਦਿਆਂ ਸਕੂਲ ਮੁਖੀ ਅਤੇ ਸਮੂਹ ਸਕੂਲ ਅਧਿਆਪਕ ਇਸ ਗੱਲ ਨੂੰ ਗੰਭੀਰਤਾ ਨਾਲ ਲੈਂਦਿਆਂ ਅੱਗੇ ਤੋਂ ਯਕੀਨੀ ਬਣਾਉਣ ਕਿ ਉਹਨਾਂ ਦੇ ਸਕੂਲ ਵਿਚ

ਅਜਿਹੀਆਂ ਗਾਈਡਾਂ, ਕੁੰਜੀਆਂ ਅਤੇ ਹੈਲਪ ਬੁੱਕਸ ਅਦਿ ਦੀ ਵਰਤੋਂ ਨਹੀਂ ਕੀਤੀ ਜਾਂਦੀ ਹੈ। ਕਿਸੇ ਵੀ ਹਾਲਤ ਵਿੱਚ ਅਧਿਆਪਕ ਜਾਂ ਵਿਦਿਆਰਥੀਆਂ ਦੁਆਰਾ ਜਮਾਤ ਵਿੱਚ ਇਹਨਾਂ ਦੀ ਵਰਤੋਂ ਨਹੀਂ ਕੀਤੀ ਜਾਵੇਗੀ।

5.0 ਸਕੂਲਾਂ ਨੂੰ ਗਾਈਡਾਂ, ਕੁੰਜੀਆਂ ਅਤੇ ਹੈਲਪ ਬੁੱਕਸ ਰਹਿਤ ਬਣਾਉਣ ਦੀ ਸਮੁੱਚੀ ਜ਼ਿੰਮੇਵਾਰੀ ਸਕੂਲ ਮੁਖੀ ਅਤੇ ਵਿਸ਼ਾ ਅਧਿਆਪਕ ਦੀ ਹੋਵੇਗੀ।

6.0 ਹੁਕਮਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ਜੀ।

**ਕੇ.ਐੱਸ.ਪੰਨੂੰ, ਆਈ.ਏ.ਐੱਸ**
**ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠ ਅੰਕਣ ਨੰ: ਕੋਆਰਡੀਨੇਸ਼ਨ/2013/੦੭੨੨੭ ਮਿਤੀ: ਚੰਡੀਗੜ੍ਹ ੧੧-੦੫-੧੩

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

1. ਸਮੂਹ ਮੰਡਲ ਸਿੱਖਿਆ ਅਫ਼ਸਰ, ਪੰਜਾਬ।
2. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ), ਪੰਜਾਬ।
3. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ), ਪੰਜਾਬ।
4. ਸਮੂਹ ਜ਼ਿਲ੍ਹਾ ਇੰਚਾਰਜ਼ ਨਿਰੀਖਣ ਟੀਮ ਨੂੰ ਇਸ ਹਦਾਇਤ ਨਾਲ ਕਿ ਸਕੂਲਾਂ ਦੇ ਨਿਰੀਖਣ ਸਮੇਂ ਜਿੱਥੇ ਕਿਤੇ ਗਾਈਡਾਂ ਦੀ ਵਰਤੋਂ ਹੋ ਰਹੀ ਹੈ, ਉਹ ਇਸ ਦਫ਼ਤਰ ਦੇ ਧਿਆਨ ਵਿਚ ਲਿਆਉਣ।

**ਕੇ.ਐੱਸ.ਪੰਨੂੰ, ਆਈ.ਏ.ਐੱਸ**
**ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ**